**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, ਐਸ.ਏ.ਐਸ ਨਗਰ।**

**ਐਟ ਪੰ.ਸ.ਸਿੱ ਬੋਰਡ ਕੰਪਲੈਕਸ, ਫੇਜ-VIII, ਐਸ.ਏ.ਐਸ ਨਗਰ**

**(ਪਬਲਿਕ ਨੋਟਿਸ)**

**ਮੀਮੋ ਨੰਃ ਟਰਾਂਸਫਰ ਸੈੱਲ/ਬਦਲੀਆਂ/2026666102/10** **ਮਿਤੀਃਐਸ.ਏ.ਐਸ ਨਗਰਃ 17.07.2026**

1.0 ਸਾਲ 2026 ਦੀਆਂ ਆਮ ਬਦਲੀਆਂ ਦੌਰਾਨ ਪੋਰਟਲ ਰਾਹੀਂ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ (ਈਟੀਟੀ, ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ) ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ., ਏ.ਆਈ.ਈ, ਐਸ.ਟੀ.ਆਰ. ਵਲੰਟੀਅਰਜ, ਆਈ.ਈ.ਵਲੰਟੀਅਰਜ ਜੋ ਪਾਲਿਸੀ ਅਨੁਸਾਰ ਕਵਰ ਹੁੰਦੇ ਸਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਸਨ, ਪਾਸੋਂ ਜਨਤਕ ਸੂਚਨਾਵਾਂ ਜਾਰੀ ਕਰਦੇ ਹੋਏ ਮਿਤੀ 22.05.2026 ਤੱਕ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਉਸ ਉਪਰੰਤ ਦਰਖਾਸਤਕਰਤਾ ਵੱਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ, ਉਸਦੀ ਤਸਦੀਕ ਬੀਪੀਈਓ/ਡੀਡੀਓ ਵੱਲੋਂ ਮਿਤੀ 25.05.2026 ਤੋਂ 28.05.2026 ਤੱਕ ਕੀਤੀ ਗਈ ਸੀ।

2.0 ਬਦਲੀਆਂ ਦੇ ਪਹਿਲੇ ਗੇੜ ਦੌਰਾਨ ਜਿਲ੍ਹੇ ਦੇ ਅੰਦਰ (Within District) ਬਦਲੀਆਂ ਕਰਨ ਸਬੰਧੀ Station Choice ਲੈਣ ਉਪਰੰਤ ਜੋ ਅਧਿਆਪਕ ਬਦਲੀ ਕਰਵਾਉਣ ਵਿੱਚ ਸਫਲ ਹੋ ਗਏ ਸਨ, ਉਨ੍ਹਾਂ ਦੇ ਹੁਕਮ ਮਿਤੀ 27.06.2026 ਅਤੇ 11.07.2026 ਨੂੰ ਜਾਰੀ ਕਰ ਦਿੱਤੇ ਗਏ ਹਨ। ਬਦਲੀਆਂ ਦੇ ਦੂਜੇ ਗੇੜ ਵਿੱਚ ਜਿਲ੍ਹੇ ਤੋਂ ਬਾਹਰ (Inter District) ਬਦਲੀਆਂ ਕਰਨ ਹਿੱਤ ਮਿਤੀ 15.07.2026 ਤੋਂ 16.07.2026 ਤੱਕ ਸਟੇਸ਼ਨ ਚੁਆਇਸ ਕਰਵਾਈ ਜਾ ਚੁੱਕੀ ਹੈ।

3.0 ਵਿਭਾਗ ਵੱਲੋਂ ਬਦਲੀਆਂ ਦੇ ਤੀਜੇ ਗੇੜ ਦੌਰਾਨ ਆਪਸੀ ਬਦਲੀ (Mutual Transfer) ਕਰਵਾਉਣ ਸਬੰਧੀ ਮੌਕਾ ਦਿੱਤਾ ਜਾਂਦਾ ਹੈ। ਜਿਨ੍ਹਾਂ ਦਰਖਾਸਤਕਰਤਾਵਾਂ ਨੇ ਬਦਲੀ ਲਈ ਬੇਨਤੀ ਦਿੱਤੀ ਹੈ ਅਤੇ ਉਹ ਆਪਸੀ ਬਦਲੀ (Mutual Transfer) ਕਰਵਾਉਣਾ ਚਾਹੁੰਦੇ ਹਨ ਤਾਂ ਉਹ ਈਪੰਜਾਬ ਪੋਰਟਲ ਤੇ ਲਾਗ ਇੰਨ ਕਰਕੇ ਬਦਲੀ ਲਈ ਮਿਤੀ 17.07.2026 ਰਾਤ 12:00 ਵਜੇ ਤੱਕ ਅਪਲਾਈ ਕਰ ਸਕਦੇ ਹਨ। ਇੱਕ ਜਿਲ੍ਹੇ ਤੋਂ ਦੂਜੇ ਜਿਲ੍ਹੇ ਵਿੱਚ Mutual Transfer ਸਬੰਧੀ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਦੋਨੋਂ ਅਧਿਆਪਕਾਂ ਦੀ ਕਾਡਰ ਅਤੇ ਕੈਟਾਗਰੀ ਸੀਮੀਲਰ ਹੋਣ ਸੂਰਤ ਵਿੱਚ ਹੀ ਬਦਲੀ ਕੀਤੀ ਜਾਵੇਗੀ।

4.0 ਜਿਹੜੇ ਅਧਿਆਪਕ ਬਦਲੀ ਕਰਵਾਉਣ ਵਿੱਚ ਸਫਲ ਹੋ ਜਾਣਗੇ ਤਾਂ ਉਨਾਂ ਨੂੰ ਬਦਲੀ ਵਾਲੇ ਸਟੇਸ਼ਨ ਭਾਵ ਜਿੱਥੇ ਬਦਲੀ ਹੋਈ ਹੈ, ਵਿਖੇ ਜੁਆਇੰਨ ਕਰਨਾ ਲਾਜਮੀ ਹੋਵੇਗਾ, ਕਿਸੇ ਵੀ ਹਾਲਤ ਵਿੱਚ ਬਦਲੀ ਰੱਦ ਨਹੀਂ ਕੀਤੀ ਜਾਵੇਗੀ।

5.0 ਜੇਕਰ ਕਿਸੇ ਅਧਿਆਪਕ ਨੂੰ ਆਪਸੀ ਬਦਲੀ ਲਈ ਅਪਲਾਈ ਕਰਨ ਵਿੱਚ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਜਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ Epunjabschoolportal ਤੇ ਉਪਲਬਧ ਹੈ।

ਸਹਾਇਕ ਡਾਇਰੈਕਟਰ (ਅਮਲਾ-1)